# 2023/2024

# ਵਿਦਿਆਰਥੀ ਵਿੱਤੀ ਸਹਾਇਤਾ ਸਕੀਮਾਂ ਲਈ ਪਰਿਵਾਰ ਸੰਬੰਧੀ ਅਰਜ਼ੀ




ਸਟੂਡੈਂਟ ਫਾਈਨੈਂਸ ਆੱਫਿਸ

ਕੰਮਕਾਜੀ ਪਰਿਵਾਰ ਅਤੇ ਵਿਦਿਆਰਥੀ ਵਿੱਤੀ ਸਹਾਇਤਾ ਏਜੰਸੀ

(Punjabi(Indian))

"ਵਿਦਿਆਰਥੀ ਵਿੱਤੀ ਸਹਾਇਤਾ ਸਕੀਮਾਂ ਲਈ ਪਰਿਵਾਰ ਸਬੰਧੀ ਅਰਜ਼ੀ ਫਾਰਮ" ਇੱਕ ਪਰਿਵਾਰ-ਆਧਾਰਿਤ ਅਰਜ਼ੀ ਫਾਰਮ ਹੈ, ਜੋ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ(ਲਾਂ) ਜਾਂ ਕਿੰਡਰਗਾਰਟਨ(ਨਾਂ)/ਬਾਲ ਦੇਖਭਾਲ ਕੇਂਦਰ(ਰਾਂ) ਵਿੱਚ ਜਾਣ ਵਾਲੇ ਬੱਚਿਆਂ ਦੇ ਪਰਿਵਾਰਾਂ ਨੂੰ ਵਿਦਿਆਰਥੀ ਵਿੱਤੀ ਸਹਾਇਤਾ ਲਈ ਅਰਜ਼ੀ ਦੇਣ ਨੂੰ ਆਸਾਨ ਬਣਾਉਂਦਾ ਹੈ।

## ਪਾਤਰਤਾ ਮਾਪਦੰਡ

(i) ਬਿਨੈਕਾਰਾਂ ਲਈ ਸਾਧਨ ਟੈਸਟ (ਮੀਨਸ ਟੈਸਟ, ਜਿਸ ਵਿੱਚ ਮਾਪਿਆਂ ਦੀ ਆਰਥਿਕ ਸਮਰੱਥਾ ਦਾ ਆਕਲਨ ਕੀਤਾ ਜਾਂਦਾ ਹੈ) ਪਾਸ ਕਰਨਾ ਅਤੇ ਵਿਦਿਆਰਥੀ-ਬਿਨੈਕਾਰ ਦੇ ਮਾਤਾ ਜਾਂ ਪਿਤਾ ਜਾਂ ਸਰਪ੍ਰਸਤ (ਜਿਵੇਂ ਕਿ ਗਾਰਡੀਅਨਸ਼ਿਪ ਆਫ ਮਾਈਨਰਸ ਆਰਡੀਨੈਂਸ, ਚੈਪਟਰ 13 ਦੇ ਅਧੀਨ ਮਾਨਤਾ ਦਿੱਤੀ ਗਈ ਹੈ) ਹੋਣਾ ਲਾਜ਼ਮੀ ਹੈ। ਨਹੀਂ ਤਾਂ, ਬਿਨੈਕਾਰਾਂ ਨੂੰ ਸਬੂਤ ਦੇ ਨਾਲ ਵਿਸਤਾਰ ਵਿੱਚ ਦੱਸਣਾ ਹੋਵੇਗਾ ਕਿ ਅਰਜ਼ੀ ਫਾਰਮ ਵਿੱਚ ਇਸਨੂੰ ਪੂਰਾ ਕਿਉਂ ਨਹੀਂ ਕੀਤਾ ਜਾ ਸਕਦਾ;

(ii) ਵਿਦਿਆਰਥੀ-ਬਿਨੈਕਾਰਾਂ ਲਈ ਹਾਂਗਕਾਂਗ ਵਿੱਚ ਰਿਹਾਇਸ਼ ਦੇ ਹੱਕ ਨਾਲ, ਉੱਥੇ ਪਹੁੰਚਣ ਦੇ ਹੱਕ ਦੇ ਨਾਲ ਜਾਂ ਬਿਨਾਂ ਕਿਸੇ ਸ਼ਰਤ ਰਹਿਣ (ਠਹਿਰਣ ਦੀ ਸੀਮਾ ਦੇ ਇਲਾਵਾ) ਲਈ ਵੈਧ ਇਜਾਜ਼ਤ ਦੇ ਨਾਲ, ਹਾਂਗਕਾਂਗ ਦੇ ਅਣਵਿਆਹੇ ਨਿਵਾਸੀ ਹੋਣਾ ਲਾਜ਼ਮੀ ਹੈ। ਵਿਜੀਟਰ ਵੀਜਾ ਦੋ-ਪਾਸੇ ਐਗਜਿਟ ਪਰਮਿਟਾਂ, ਸਿਰਫ ਵਿਦਿਆਰਥੀ ਵੀਜਾ ਰੱਖਣ ਵਾਲੇ ਵਿਦਿਆਰਥੀ ਜਾਂ ਜੋ ਵਿਦਿਆਰਥੀ-ਵੀਜਾ/ਵਿਜਿਟਰ-ਵੀਜਾ ਧਾਰਕ ਦੇ ਆਸ਼ਰਿਤ ਹਨ, ਵਿਦਿਆਰਥੀ ਵਿੱਤੀ ਸਹਾਇਤਾ ਲਈ ਅਰਜ਼ੀ ਦੇਣ ਲਈ ਪਾਤਰ ਹਨ;

(iii) ਉਹਨਾਂ ਵਿਦਿਆਰਥੀ-ਬਿਨੈਕਾਰਾਂ, ਜੋ ਨਰਸਰੀ, ਕਿੰਡਰਗਾਰਟਨਸ ਵਿੱਚ ਛੋਟੀਆਂ ਅਤੇ ਵੱਡੀਆਂ ਕਲਾਸਾਂ (K1 ਤੋਂ K3) ਵਿੱਚ ਪੜ੍ਹਦੇ ਹਨ, ਲਈ ਲਾਜ਼ਮੀ ਹੈ -

- ਉਹਨਾਂ ਦੀ ਉਮਰ 31 ਅਗਸਤ 2023 ਨੂੰ ਘੱਟੋ-ਘੱਟ 2 ਸਾਲ ਅਤੇ 8 ਮਹੀਨੇ ਹੋਵੇ (ਉਦਾਹਰਨ ਲਈ ਉਹਨਾਂ ਦਾ ਜਨਮ 31 ਦਿਸੰਬਰ 2020 ਨੂੰ ਜਾਂ ਇਸਤੋਂ ਪਹਿਲਾਂ ਹੋਇਆ ਹੋਵੇ); ਅਤੇ
- ਐਜੂਕੇਸ਼ਨ ਬਿਊਰੋ (EDB) ਵਿੱਚ ਰਜਿਸਟਰ ਕੀਤੇ ਕਿੰਡਰਗਾਰਟਨਾਂ ਵਿੱਚ ਨਰਸਰੀ (K1), ਛੋਟੀਆਂ (K2) ਅਤੇ ਵੱਡੀਆਂ ਕਲਾਸਾਂ (K3) ਵਿੱਚ ਪੜ੍ਹਦੇ ਹੋਣ। ਕਿੰਡਰਗਾਰਟਨ ਸਿੱਖਿਆ ਸਕੀਮ ਦੇ ਅਧੀਨ ਸਥਾਨਕ ਪਾਠਕ੍ਰਮ ਪੇਸ਼ ਕਰਨ ਵਾਲਾ, ਗੈਰ-ਲਾਭ ਕਿੰਡਰਗਾਰਟਨ ਹੋਣਾ ਚਾਹੀਦਾ ਹੈ।

(iv) ਉਹਨਾਂ ਵਿਦਿਆਰਥੀ-ਬਿਨੈਕਾਰਾਂ ਲਈ, ਜੋ ਬਾਲ ਦੇਖਭਾਲ ਕੇਂਦਰਾਂ (ਉਮਰ ਵਰਗ 0-2) ਅਤੇ ਬਾਲ ਦੇਖਭਾਲ ਕੇਂਦਰਾਂ (ਉਮਰ ਵਰਗ 2-3) ਵਿੱਚ ਜਾਂਦੇ ਹਨ, ਉਹਨਾਂ ਲਈ ਲਾਜ਼ਮੀ ਹੈ –

- ਸਮਾਜਿਕ ਕਲਿਆਣ ਵਿਭਾਗ (SWD) ਵਿੱਚ ਰਜਿਸਟਰਡ ਬਾਲ ਦੇਖਭਾਲ ਕੇਂਦਰਾਂ (ਡੇ ਕ੍ਰੈਚ, ਡੇ ਨਰਸਰੀਆਂ ਜਾਂ ਕਿੰਡਰਗਾਰਟਨ-ਯੁਕਤ-ਬਾਲ ਦੇਖਭਾਲ ਕੇਂਦਰਾਂ ਵਿੱਚ ਸੰਬੰਧਿਤ ਉਮਰ ਵਰਗ) ਵਿੱਚ ਪੂਰਾ-ਦਿਨ ਦੇਖਭਾਲ ਸੇਵਾਵਾਂ ਪ੍ਰਾਪਤ ਕਰ ਰਹੇ ਹੋਣ; ਅਤੇ
- ਉਹੀ ਮੁਲਾਂਕਣ ਦੀ ਮਿਆਦ ਦੇ ਅੰਦਰ "ਸਮਾਜਕ ਜ਼ਰੂਰਤਾਂ" ਦੀ ਪ੍ਰੀਖਿਆ ਪਾਸ ਕਰੇ|

(v) ਜਿਹੜੇ ਸਕੂਲਾਂ ਵਿੱਚ ਵਿਦਿਆਰਥੀ-ਬਿਨੈਕਾਰ ਪੜ੍ਹਦੇ ਹਨ, ਉਹਨਾਂ ਲਈ ਉਸ ਸ਼੍ਰੇਣੀਆਂ ਨਾਲ ਸੰਬੰਧਿਤ ਹੋਣਾ ਲਾਜ਼ਮੀ ਹੈ, ਜੋ ਕਿ ਹੇਠਾਂ ਦਿੱਤੀਆਂ ਸਕੀਮਾਂ ਵਿੱਚ ਤੈਅ ਕੀਤੀਆਂ ਗਈਆਂ ਹਨ:

## ਵਿੱਤੀ ਸਹਾਇਤਾ ਸਕੀਮਾਂ

- ਕਿੰਡਰਗਾਰਟਨ ਅਤੇ ਬਾਲ ਦੇਖਭਾਲ ਕੇਂਦਰ ਫੀਸ ਛੋਟ (**KCFR**) ਸਕੀਮ ਲੋੜਵੰਦ ਪਰਿਵਾਰਾਂ ਨੂੰ ਕਿੰਡਰਗਾਰਟਨ ਸਿੱਖਿਆ ਸਕੀਮ ਦੇ ਅਧੀਨ ਸਥਾਨਕ ਗੈਰ-ਲਾਭ ਕਿੰਡਰਗਾਰਟਨਾਂ ਵਿੱਚ ਨਰਸਰੀ, ਛੋਟੀਆਂ ਅਤੇ ਵੱਡੀਆਂ ਕਲਾਸਾਂ ਵਿੱਚ ਪੜ੍ਹਨ ਵਾਲੇ ਅਤੇ ਬਾਲ ਦੇਖਭਾਲ ਕੇਂਦਰਾਂ ਵਿੱਚ ਪੂਰਾ-ਦਿਨ ਬਾਲ ਦੇਖਭਾਲ ਸੇਵਾਵਾਂ ਪ੍ਰਾਪਤ ਕਰਨ ਵਾਲੇ ਉਹਨਾਂ ਦੇ ਬੱਚਿਆਂ ਲਈ ਫੀਸ ਦੀ ਛੋਟ ਦੇ ਰੂਪ ਵਿੱਚ ਵਿੱਤੀ ਸਹਾਇਤਾ ਮੁਹੱਈਆ ਕਰਦੀ ਹੈ।

- ਕਿੰਡਰਗਾਰਟਨ ਵਿਦਿਆਰਥੀਆਂ (**Grant-KG**) ਲਈ ਸਕੂਲ ਸੰਬੰਧਿਤ ਖਰਚਿਆਂ ਲਈ ਗ੍ਰਾਂਟ ਕਿੰਡਰਗਾਰਟਨ ਦੇ ਉਹਨਾਂ ਲੋੜਵੰਦ ਵਿਦਿਆਰਥੀਆਂ ਨੂੰ ਇੱਕ ਵਾਧੂ ਗ੍ਰਾਂਟ ਮੁਹੱਈਆ ਕਰਦੀ ਹੈ, ਜੋ ਸਾਧਨ ਟੈਸਟ ਪਾਸ ਕਰ ਸਕਦੇ ਹਨ ਅਤੇ ਕਿੰਡਰਗਾਰਟਨ ਸਿੱਖਿਆ ਸਕੀਮ ਹੇਠ ਵਿਦਿਆਰਥੀਆਂ ਦੀ ਕਿੰਡਰਗਾਰਟਨ ਸਿੱਖਿਆ ਵਿੱਚ ਹੋਣ ਵਾਲੇ ਸਕੂਲ ਨਾਲ ਸੰਬੰਧਿਤ ਖਰਚਿਆਂ ਦਾ ਭੁਗਤਾਨ ਕਰਨ ਲਈ KCFR ਸਕੀਮ ਦੇ ਅਧੀਨ ਇੱਕੋ ਪਾਤਰਤਾ ਮਾਪਦੰਡ ਨੂੰ ਪੂਰਾ ਕਰ ਸਕਦੇ ਹਨ।

- ਸਕੂਲ ਪਾਠ-ਪੁਸਤਕ ਸਹਾਇਤਾ (**TA**) ਸਕੀਮ ਜ਼ਰੂਰੀ ਕਿਤਾਬਾਂ ਅਤੇ ਸਕੂਲ ਨਾਲ ਸੰਬੰਧਿਤ ਵੱਖ-ਵੱਖ ਤਰ੍ਹਾਂ ਦੇ ਖਰਚਿਆਂ ਦੀਆਂ ਲਾਗਤਾਂ ਨੂੰ ਸ਼ਾਮਲ ਕਰਨ ਲਈ ਡਾਇਰੈਕਟ ਸਬਸਿਡੀ ਸਕੀਮ ਦੇ ਅਧੀਨ ਸਰਕਾਰੀ, ਸਹਾਇਤਾ ਪ੍ਰਾਪਤ, ਪ੍ਰਤੀ ਵਿਅਕਤੀ ਗ੍ਰਾਂਟ ਸਕੂਲਾਂ ਅਤੇ ਸਥਾਨਕ ਸਕੂਲਾਂ ਵਿੱਚ ਪ੍ਰਾਇਮਰੀ 1 ਤੋਂ ਸੈਕੰਡਰੀ 6 ਦੇ ਲੋੜਵੰਦ ਵਿਦਿਆਰਥੀਆਂ ਨੂੰ ਸਹਾਇਤਾ ਮੁਹੱਈਆ ਕਰਦੀ ਹੈ।

- ਵਿਦਿਆਰਥੀ ਯਾਤਰਾ ਸਬਸਿਡੀ (**STS**) ਸਕੀਮ ਇੱਕ ਮਾਨਤਾ ਪ੍ਰਾਪਤ ਇੰਸਟੀਟਿਊਸ਼ਨ ਵਿੱਚ ਪ੍ਰਾਇਮਰੀ ਜਾਂ ਸੈਕੰਡਰੀ ਸਕੂਲ ਵਿੱਚ ਹਾਜ਼ਰ ਹੋਣ ਵਾਲੇ ਜਾਂ ਪਹਿਲੀ ਡਿਗਰੀ ਪੱਧਰ ਤੱਕ ਪੂਰਨ-ਕਾਲੀ (ਫੁਲ-ਟਾਈਮ) ਡੇ ਕੋਰਸ ਪੜ੍ਹਨ ਵਾਲੇ, ਆਪਣੇ ਸਕੂਲਾਂ ਤੋਂ 10 ਮਿਨਟਾਂ ਤੋਂ ਵੱਧ ਦੂਰ ਰਹਿਣ ਵਾਲੇ ਅਤੇ ਪਬਲਿਕ ਟ੍ਰਾਂਸਪੋਰਟ ਦੁਆਰਾ ਸਕੂਲ ਆਉਣ ਲਈ ਜਿਨ੍ਹਾਂ ਨੂੰ ਯਾਤਰਾ ਕਰਨ ਦੀ ਲੋੜ ਹੈ, ਉਹਨਾਂ ਲੋੜਵੰਦ ਵਿਦਿਆਰਥੀਆਂ ਨੂੰ ਯਾਤਰਾ ਸਬਸਿਡੀ ਮੁਹੱਈਆ ਕਰਦੀ ਹੈ।

- ਇੰਟਰਨੈੱਟ ਪਹੁੰਚ ਖਰਚਿਆਂ ਲਈ ਸਬਸਿਡੀ ਸਕੀਮ (**SIA**) ਉਹਨਾਂ ਲੋੜਵੰਦ ਪਰਿਵਾਰਾਂ ਨੂੰ ਸਬਸਿਡੀ ਮੁਹੱਈਆ ਕਰਦੀ ਹੈ, ਜਿਹਨਾਂ ਦੇ ਬੱਚੇ ਪ੍ਰਾਇਮਰੀ ਜਾਂ ਸੈਕੰਡਰੀ ਪੱਧਰ ਤੇ ਸਿੱਖਿਆ ਪ੍ਰਾਪਤ ਕਰਨ ਵਾਲੇ ਪੂਰਨ-ਕਾਲੀ ਵਿਦਿਆਰਥੀ ਹਨ, ਜਾਂ ਐਪਲਾਈਡ ਸਿਖਿਆ ਦਾ ਡਿਪਲੋਮਾ (DAE) Yi Jin ਡਿਪਲੋਮਾ (DYJ) (2016 ਤੋਂ ਪਹਿਲਾਂ ਇਸਨੂੰ Yi Jin ਡਿਪਲੋਮਾ (YJD) ਕਿਹਾ ਜਾਂਦਾ ਸੀ) ਪ੍ਰੋਗਰਾਮਾਂ ਜਾਂ ਇਸਦੇ ਬਰਾਬਰ ਵੋਕੇਸ਼ਨਲ ਟ੍ਰੇਨਿੰਗ ਕਾਉਂਸਿਲ (VTC) ਦੇ ਕੋਰਸਾਂ ਵਿੱਚ ਪੜ੍ਹਾਈ ਕਰਨ ਵਾਲੇ ਪੂਰਨ-ਕਾਲੀ ਵਿਦਿਆਰਥੀ ਹਨ, ਨੂੰ ਉਹਨਾਂ ਦੇ ਬੱਚਿਆਂ ਲਈ ਘਰ ਵਿੱਚ ਈ-ਲਰਨਿੰਗ (ਇੰਟਰਨੈੱਟ ਤੋਂ ਪੜ੍ਹਾਈ) ਲਈ ਇੰਟਰਨੈੱਟ ਪਹੁੰਚ ਸਬੰਧੀ ਖਰਚਿਆਂ ਨੂੰ ਪੂਰਾ ਕਰਨ ਲਈ ਸਬਸਿਡੀ ਮੁਹੱਈਆ ਕਰਦੀ ਹੈ (ਉਦਾਹਰਣ ਦੇ ਲਈ, ਬ੍ਰੌਡਬੈਂਡ ਇੰਟਰਨੈੱਟ ਸੇਵਾ ਜਾਂ ਚਾਲਕਾਂ ਦੁਆਰਾ ਪ੍ਰਦਾਨ ਕੀਤੇ ਸਿਮ ਕਾਰਡ ਜਾਂ ਮੋਬਾਈਲ ਦੂਰਸੰਚਾਰ ਸੇਵਾਵਾਂ ਦੇ ਸੰਚਾਲਕਾਂ ਦੁਆਰਾ ਪ੍ਰਦਾਨ ਕੀਤੇ ਖਰਚੇ)। ਸਬਸਿਡੀ ਘਰੇਲੂ ਅਧਾਰ 'ਤੇ ਦਿੱਤੀ ਜਾਂਦੀ ਹੈ। ਪਾਤਰ ਪਰਿਵਾਰ ਘਰ ਦੇ ਅਧਾਰ ਤੇ ਫਲੈਟ-ਰੇਟ ਨਕਦ ਗ੍ਰਾਂਟ ਪ੍ਰਾਪਤ ਕਰਨਗੇ, ਭਾਵੇਂ ਪਰਿਵਾਰ ਵਿੱਚ ਬੱਚਿਆਂ ਦੀ ਸੰਖਿਆ ਕਿੰਨੀ ਵੀ ਹੋਵੇ।

## ਅਰਜ਼ੀ ਪ੍ਰਕਿਰਿਆਵਾਂ

ਐਪਲੀਕੇਸ਼ਨ ਦੀ ਸਹੂਲਿਯਤ ਅਤੇ ਵਾਤਾਵਰਣ ਦੀ ਸੁਰੱਖਿਆ ਲਈ, ਵਿਦਿਆਰਥੀ ਵਿੱਤ ਦਫਤਰ (SFO) ਬਿਨੈਕਾਰਾਂ ਨੂੰ ਇਲੈਕਟ੍ਰੋਨਿਕ ਐਪਲੀਕੇਸ਼ਨ ਜਮ੍ਹਾਂ ਕਰਾਉਣ ਲਈ ਉਤਸ਼ਾਹਿਤ ਕਰਦਾ ਹੈ।ਜੇਕਰ ਪਰਿਵਾਰ 2023/24 ਸਕੂਲ ਵਰ੍ਹੇ ਲਈ ਵਿਦਿਆਰਥੀ ਵਿੱਤੀ ਸਹਾਇਤਾ ਵਾਸਤੇ ਅਰਜ਼ੀ ਦੇਣਾ ਚਾਹੁੰਦੇ ਹਨ, ਉਹ ਇਲੈਕਟ੍ਰਾਨਿਕ ਐਪਲੀਕੇਸ਼ਨ ਫਾਰਮ ਨੂੰ ਔਨਲਾਈਨ ਭਰਨ ਅਤੇ ਜਮ੍ਹਾਂ ਕਰਨ ਲਈ SFO ਈ-ਲਿੰਕ – ਮਾਈ ਐਪਲੀਕੇਸ਼ਨ (ਪ੍ਰੀ-ਪ੍ਰਾਇਮਰੀ, ਪ੍ਰਾਇਮਰੀ ਅਤੇ ਸੈਕੰਡਰੀ ਪੱਧਰਾਂ ਤੇ ਵਿੱਤੀ ਸਹਾਇਤਾ ਸਕੀਮਾਂ)" (https://ess.wfsfaa.gov.hk/espps) ਤੇ ਜਾ ਸਕਦੇ ਹਨ, ਜਾਂ ਪੂਰੇ ਕੀਤੇ ਪੇਪਰ-ਅਧਾਰਿਤ ਅਰਜ਼ੀ ਫਾਰਮ (SFO 106B ਜਾਂ SFO 7B) ਨੂੰ ਸਾਰੇ ਜਰੂਰੀ ਸਹਾਇਕ ਦਸਤਾਵੇਜ਼ਾਂ ਦੇ ਨਾਲ ਡਾਕ ਦੁਆਰਾ ਸਿੱਧੇ SFO ਨੂੰ ਵਾਪਸ ਭੇਜ ਸਕਦੇ ਹਨ। ਬਿਨੈਕਾਰਾਂ ਨੂੰ ਪੂਰਾ ਕਰਨ ਤੋਂ ਪਹਿਲਾਂ ਘਰੇਲੂ ਐਪਲੀਕੇਸ਼ਨ ਤੇ ਮਾਰਗਦਰਸ਼ਨ ਨੋਟਸ ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। ਹਰੇਕ ਪਰਿਵਾਰ ਨੂੰ ਸਿਰਫ ਇੱਕ ਅਰਜ਼ੀ ਜਮ੍ਹਾਂ ਕਰਨੀ ਹੋਵੇਗੀ। ਇੱਕੋ ਬਿਨੈਕਾਰ ਤੋਂ ਕਈ ਅਰਜ਼ੀਆਂ ਰੱਦ ਕਰ ਦਿੱਤੀਆਂ ਜਾਣਗੀਆਂ ਅਤੇ ਇਹ ਅਰਜ਼ੀ ਦੀ ਪ੍ਰਕਿਰਿਆ ਵਿੱਚ ਦੇਰੀ ਕਾ ਕਾਰਨ ਬਣਦਾ ਹੈ। ਅਰਜ਼ੀ ਪ੍ਰਕਿਰਿਆ ਦੇ ਵੇਰਵੇ ਹੇਠਾਂ ਦਿੱਤੇ ਗਏ ਹਨ -

(i) ਪ੍ਰਾਈਮਰੀ ਅਤੇ ਸੈਕੰਡਰੀ ਸਕੂਲਾਂ ਲਈ ਵਿੱਤੀ ਸਹਾਇਤਾ ਵਾਸਤੇ ਅਰਜ਼ੀਆਂ ਲਈ ਲਾਗੂ

| ਅੰਦਾਜਨ ਸਮਾਂ | ਪ੍ਰਕਿਰਿਆਵਾਂ |
|---|---|
| ਮਈ 2023 ਵਿੱਚ ਜਾਂ ਇਸਦੇ ਅੰਤ ਵਿੱਚ | ਬਿਨੈਕਾਰਾਂ ਨੂੰ ਇਲੈਕਟ੍ਰਾਨਿਕ ਐਪਲੀਕੇਸ਼ਨ ਫਾਰਮ ਭਰਨ, ਸਾਰੇ ਜਰੂਰੀ ਦਸਤਾਵੇਜ਼ਾਂ ਦੀ ਕਾਪੀਆਂ ਨੂੰ ਅਪਲੋਡ ਕਰਨ ਅਤੇ ਉਹਨਾਂ ਨੂੰ ਇੱਕਠੇ ਔਨਲਾਈਨ ਜਮ੍ਹਾਂ ਕਰਾਓਨ ਦੀ ਲੋੜ ਹੈ, ਜਾਂ ਪੇਪਰ-ਅਧਾਰਿਤ ਪੂਰੇ ਕੀਤੇ ਅਰਜ਼ੀ ਫਾਰਮ ਨੂੰ ਸਪਲੀਮੈਂਟਰੀ ਫਾਰਮ (ਜੇਕਰ ਲਾਗੂ ਹੈ) ਅਤੇ ਸੰਬੰਧਿਤ ਸਹਾਇਕ ਦਸਤਾਵੇਜ਼ਾਂ ਦੀਆਂ ਨਕਲਾਂ (ਕਾਪੀਆਂ) ਦੇ ਨਾਲ, ਮੁਹੱਈਆ ਕੀਤੇ ਪਤਾ ਲਿਖੇ ਲਿਫਾਫੇ ਦੀ ਵਰਤੋਂ ਕਰਦੇ ਹੋਏ, ਡਾਕ ਦੁਆਰਾ SFO ਨੂੰ ਭੇਜਣ ਦੀ ਲੋੜ ਹੈ। |
| ਉਹਨਾਂ ਬਿਨੈ ਕਾਰਾਂ ਲਈ, ਜਿਹਨਾਂ ਨੂੰ **2022/23** ਵਿੱਚ ਸਕੂਲ ਪਾਠ-ਪੁਸਤਕ ਸਹਾਇਤਾ ਸੰਬੰਧੀ ਭੁਗਤਾਨ ਕੀਤਾ ਗਿਆ ਹੈ | |
| ਜੁਲਾਈ/ਅਗਸਤ 2023 ਦੇ ਆਖਿਰ ਵਿੱਚ | ਜੇਕਰ 31 ਮਈ 2023 ਨੂੰ ਜਾਂ ਇਸਤੋਂ ਪਹਿਲਾਂ ਅਰਜ਼ੀਆਂ ਜਮ੍ਹਾਂ ਕਰਨ ਵਾਲੇ ਬਿਨੈਕਾਰਾਂ ਨੇ ਸਹਾਇਕ ਦਸਤਾਵੇਜ਼ਾਂ ਨਾਲ ਸਾਰੀ ਜਰੂਰੀ ਜਾਣਕਾਰੀ ਮੁਹੱਈਆ ਕੀਤੀ ਹੈ, ਪਾਤਰਤਾ ਮਾਪਦੰਡ ਨੂੰ ਪੂਰਾ ਕੀਤਾ ਹੈ ਅਤੇ ਸਾਧਨ ਟੈਸਟ ਪਾਸ ਕੀਤਾ ਹੈ, ਤਾਂ SFO ਕਰੀਬ ਜੁਲਾਈ/ਅਗਸਤ 2023 ਦੇ ਅੰਤ ਵਿੱਚ ਪਾੱਤਰ ਵਿਦਿਆਰਥੀਆਂ ਨੂੰ ਸਵੈ-ਭੁਗਤਾਨ ਦੁਆਰਾ ਅਰਜ਼ੀ ਸਕੂਲ ਪਾਠ-ਪੁਸਤਕ ਸਹਾਇਤਾ ਅਤੇ ਪਾਤਰ ਪਰਿਵਾਰਾਂ ਨੂੰ ਇੰਟਰਨੈੱਟ ਪਹੁੰਚ ਸੰਬੰਧੀ ਖਰਚਿਆਂ ਲਈ ਸਬਸਿਡੀ ਰਿਲੀਜ ਕਰੇਗਾ। SFO ਬਿਨੈਕਾਰਾਂ ਨੂੰ ਵੀ ਨਤੀਜੇ ਦੀ ਔਨਲਾਈਨ ਅਰਜ਼ੀ ਜਮ੍ਹਾਂ ਕਰਾਉਣ ਵਾਲੇ ਬਿਨੈਕਾਰਾਂ ਨੂੰ ਕਾਗਜ਼-ਆਧਾਰਿਤ ਫਾਰਮਾਂ ਦੀ ਵਰਤੋਂ ਕਰਨ ਵਾਲੇ ਬਿਨੈਕਾਰਾਂ ਤੋਂ ਪਹਿਲਾਂ ਅਸਥਾਈ ਸਕੂਲ ਪਾਠ ਪੁਸਤਕ ਸਹਾਇਤਾ ਅਤੇ ਇੰਟਰਨੈਟ ਐਕਸੇਸ ਖਰਚਿਆਂ ਲਈ ਸਬਸਿਡੀ ਪ੍ਰਾਪਤ ਹੋਵੇਗੀ। ਅਧਿਸੂਚਨਾ# ਕਰੀਬ ਜੁਲਾਈ/ਅਗਸਤ 2023 ਦੇ ਅੰਤ ਵਿੱਚ ਜਾਰੀ ਕਰੇਗੀ।<br>"ਅਪਾਤਰਤਾ ਦੀ ਸੂਚਨਾ" ਉਹਨਾਂ ਪਰਿਵਾਰਾਂ ਨੂੰ ਜਾਰੀ ਕੀਤੀ ਜਾਵੇਗੀ ਜੋ ਸਾਧਨ ਪਰੀਖਿਆ ਨੂੰ ਪਾਸ ਨਹੀਂ ਕਰ ਸਕਦੇ; ਜੋ SFO ਦੁਆਰਾ ਨਿਰਧਾਰਿਤ ਕੀਤੀ ਸਮਾਂ ਸੀਮਾ ਦੇ ਅੰਦਰ ਜਰੂਰੀ ਪੂਰਕ ਜਾਣਕਾਰੀ ਦੇਣ ਵਿੱਚ ਅਸਫਲ ਰਹੇ ਹਨ; ਜਾਂ ਜਿੰਨ੍ਹਾਂ ਨੇ ਆਪਣੀਆਂ ਐਪਲੀਕੇਸ਼ਨਾਂ ਵਾਪਿਸ ਲੈ ਲਈਆਂ ਹਨ। |
| ਅਕਤੂਬਰ 2023 ਦੇ ਅੰਤ/ਨਵੰਬਰ ਦੀ ਸ਼ੁਰੂਆਤ ਤੋਂ ਸ਼ੁਰੂ ਕਰਦੇ ਹੋਏ | ਉਹਨਾਂ ਵਿਦਿਆਰਥੀਆਂ ਲਈ, ਜਿਹਨਾਂ ਨੂੰ ਅਰਜ਼ੀ TA ਸਬੰਧੀ ਭੁਗਤਾਨ ਕੀਤਾ ਗਿਆ ਹੈ, SFO ਮੁੜ-ਗਣਨਾ ਕਰੇਗਾ ਅਤੇ ਸਬਸਿਡੀ ਦੀ ਰਕਮ ਨਿਰਧਾਰਤ ਕਰੇਗਾ, ਜਿਹਨਾਂ ਲਈ ਬਿਨੈਕਾਰ ਪਾਤਰ ਹਨ ਅਤੇ ਸਬਸਿਡੀ ਦੀ ਬਾਕੀ ਰਕਮ ਬਿਨੈਕਾਰਾਂ ਨੂੰ ਰਿਲੀਜ ਕਰੇਗਾ ਜਾਂ ਬਿਨੈਕਾਰਾਂ ਤੋਂ ਵੱਧ ਭੁਗਤਾਨ ਵਾਪਸ ਲਵੇਗਾ, ਜਦੋਂ ਵੀ 2023/24 ਸਕੂਲ ਵਰ੍ਹੇ ਲਈ ਪਾਠ-ਪੁਸਤਕ ਗ੍ਰਾਂਟ ਰੇਟ ਉੱਪਲਬਧ ਹੋਣਗੇ ਅਤੇ ਵਿਦਿਆਰਥੀ-ਬਿਨੈਕਾਰ ਦੀ ਸਕੂਲ ਜਾਣਕਾਰੀ ਦੀ (ਅਕਤੂਬਰ 2023 ਦੇ ਅੰਤ/ਨਵੰਬਰ ਦੀ ਸ਼ੁਰੂਆਤ ਦੇ ਆਸਪਾਸ) EDB ਦੇ ਡੇਟਾਬੇਸ ਨਾਲ ਤੱਸਦੀਕ ਕੀਤੀ ਜਾਵੇਗੀ। |
| ਉਹਨਾਂ ਬਿਨੈਕਾਰਾਂ ਲਈ, ਜਿਹਨਾਂ ਨੂੰ **2022/23** ਵਿੱਚ ਸਕੂਲ ਪਾਠ-ਪੁਸਤਕ ਸਹਾਇਤਾ ਸਬੰਧੀ ਭੁਗਤਾਨ ਨਹੀਂ ਕੀਤਾ ਗਿਆ ਹੈ ਜਾਂ ਜਿੰਨ੍ਹਾਂ ਦੇ ਬੱਚੇ ਹਨ ਜੋ **2023/24** ਵਿੱਚ **P1** ਵਿਚ ਸ਼ਾਮਲ ਹੁੰਦੇ ਹਨ | |
| ਅਗਸਤ 2023 | ਜੇਕਰ 31 ਮਈ 2023 ਨੂੰ ਜਾਂ ਇਸਤੋਂ ਪਹਿਲਾਂ ਅਰਜ਼ੀਆਂ ਜਮ੍ਹਾਂ ਕਰਨ ਵਾਲੇ ਬਿਨੈਕਾਰਾਂ ਨੇ ਸਹਾਇਕ ਦਸਤਾਵੇਜ਼ਾਂ ਦੇ ਨਾਲ ਸਾਰੀ ਜਰੂਰੀ ਜਾਣਕਾਰੀ ਮੁੱਹਈਆ ਕੀਤੀ ਹੈ, ਤਾਂ SFO ਅਗਸਤ 2023 ਤੋਂ ਸ਼ੁਰੂ ਕਰਦੇ ਹੋਏ ਪਾਤਰ ਬਿਨੈਕਾਰਾਂ ਨੂੰ "ਨਤੀਜੇ ਦੀ ਅਧਿਸੂਚਨਾ"#, ਵਿਦਿਆਰਥੀ-ਆਧਾਰਿਤ ਪਾਤਰਤਾ ਸਰਟੀਫਿਕੇਟ (EC) ਅਤੇ "ਵਿੱਤ ਸਹਾਇਤਾ ਸਕੀਮਾਂ ਲਈ ਅਰਜ਼ੀ ਬਾਰੇ ਮਾਰਗਦਰਸ਼ਨ ਨੋਟਿਸ" ਜਾਰੀ ਕਰੇਗਾ। "ਅਪਾਤਰਤਾ ਦੀ ਸੂਚਨਾ" ਉਹਨਾਂ ਪਰਿਵਾਰਾਂ ਨੂੰ ਜਾਰੀ ਕੀਤੀ ਜਾਵੇਗੀ ਜੋ ਸਾਧਨ ਪਰੀਖਿਆ ਨੂੰ ਪਾਸ ਨਹੀਂ ਕਰ ਸਕਦੇ; ਜੋ SFO ਦੁਆਰਾ ਨਿਰਧਾਰਿਤ ਕੀਤੀ ਸਮਾਂ ਸੀਮਾ ਦੇ ਅੰਦਰ ਜਰੂਰੀ ਪੂਰਕ ਜਾਣਕਾਰੀ ਦੇਣ ਵਿੱਚ ਅਸਫਲ ਰਹੇ ਹਨ; ਜਾਂ ਜਿੰਨ੍ਹਾਂ ਨੇ ਆਪਣੀਆਂ ਐਪਲੀਕੇਸ਼ਨਾਂ ਵਾਪਿਸ ਲੈ ਲਈਆਂ ਹਨ। |
| ਸਤੰਬਰ 2023 | ECs ਪ੍ਰਾਪਤ ਕਰਨ ਵਾਲੇ ਬਿਨੈਕਾਰਾਂ ਲਈ ECs ਤੇ ਪੂਰਵ-ਪ੍ਰਿੰਟ ਕੀਤੀ ਨਿੱਜੀ ਜਾਣਕਾਰੀ ਅਤੇ ਚੋਣਵੀ ਸਕੀਮ (ਮਾਂ) ਦੀ ਧਿਆਨ ਨਾਲ ਤਸਦੀਕ ਕਰਨੀ ਲਾਜ਼ਮੀ ਹੈ। ਬਿਨੈਕਾਰਾਂ ਨੂੰ ਪੂਰੇ ਕੀਤੇ ECs ਉਸ ਸਕੂਲ, ਜਿਸ ਵਿੱਚ ਬੱਚੇ ਪੜ੍ਹਦੇ ਹਨ ਨੂੰ ਸਕੂਲ ਦੀ ਸ਼ੁਰੂਆਤੀ ਤਾਰੀਖ ਦੇ ਬਾਅਦ ਇੱਕ ਹਫਤੇ ਦੇ ਅੰਦਰ ਜਾਂ ਪ੍ਰਕਿਰਿਆ ਲਈ ECs ਜਾਰੀ ਕਰਨ ਦੀ ਤਾਰੀਖ਼ ਤੋਂ ਦੋ ਹਫਤਿਆਂ ਦੇ ਅੰਦਰ (ਜੋ ਵੀ ਬਾਅਦ ਵਿੱਚ ਹੋਵੇ) ਵਾਪਸ ਕਰਨੇ ਚਾਹੀਦੇ ਹਨ। ਸਕੂਲ ਵਿਦਿਆਰਥੀ-ਬਿਨੈਕਾਰ ਦੀ ਸਥਿਤੀ ਅਤੇ ਹਾਜਰੀ ਨੂੰ ਪ੍ਰਮਾਣਿਤ ਕਰਨਗੇ ਅਤੇ ਫਿਰ ECs ਨੂੰ SFO ਕੋਲ ਭੇਜ ਦੇਣਗੇ। ਆਮ ਤੌਰ 'ਤੇ, SFO ਨਿਰਧਾਰਿਤ ਸਮਾਂ ਸੀਮਾਂ ਤੋਂ ਬਾਅਦ ਜਮ੍ਹਾਂ ਕੀਤੇ ECs ਸਵੀਕਾਰ ਨਹੀਂ ਕਰੇਗਾ। |

| | |
|---|---|
| ਅਕਤੂਬਰ 2023 ਦੇ ਅੰਤ/ਨਵੰਬਰ ਦੀ ਸ਼ੁਰੂਆਤ ਜਾਂ ਇਸਤੋਂ ਬਾਅਦ | ਵਾਪਸ ਕੀਤੇ ECs ਦੀ ਤਸਦੀਕ ਕਰਨ ਤੋਂ ਬਾਅਦ, SFO ਉਹਨਾਂ ਵਿਦਿਆਰਥੀਆਂ ਨੂੰ ਸਵੈ-ਭੁਗਤਾਨ ਦੁਆਰਾ ਵਿੱਤੀ ਸਹਾਇਤਾ ਰਿਲੀਜ ਕਰੇਗਾ,ਜਿਹਨਾਂ ਦੀ ਸੰਬੰਧਿਤ ਸਕੀਮਾਂ, ਜਿਹਨਾਂ ਲਈ ਉਹਨਾਂ ਨੇ ਅਰਜ਼ੀ ਦਿੱਤੀ ਹੈ, ਲਈ ਪਾਤਰ ਹੋਣ ਲਈ ਪੁਸ਼ਟੀ ਕੀਤੀ ਗਈ ਹੋਵੇ। ਜੇਕਰ ਬਿਨੈਕਾਰਾਂ ਨੇ ਅਰਜ਼ੀ ਫਾਰਮ ਵਿੱਚ ਆਪਣਾ ਸਥਾਨਕ ਅਤੇ ਵੈਧ ਮੋਬਾਇਲ ਫੋਨ ਨੰਬਰ ਦਿੱਤਾ ਹੈ, ਤਾਂ SFO ਯੋਗ ਬਿਨੈਕਾਰਾਂ ਨੂੰ ਸੰਬੰਧਿਤ ਭੁਗਤਾਨ ਦੀ ਜਾਣਕਾਰੀ ਬਾਰੇ ਸੂਚਿਤ ਕਰਨ ਲਈ SMS ਭੇਜੇਗਾ। |

#ਉਹਨਾਂ ਬਿਨੈਕਾਰਾ ਦੇ ਲਈ ਜਿਹਨਾਂ ਕੋਲ 2023/24 ਵਿੱਚ ਪ੍ਰੀ-ਪ੍ਰਾਈਮਰੀ ਦੇ ਵਿਦਿਆਰਥਈਆਂ ਲਈ ਇਕੱਠੀ ਵਿੱਤੀ ਸਹਾਇਤਾ ਦੇ ਲਈ ਅਰਜ਼ੀ ਦੇਣ ਵਾਲੇ ਬੱਚੇ ਹਨ, SFO ਪਾਤਰ ਪਰਿਵਾਰਾਂ ਨੂੰ ਸਕੂਲ ਸਰਟੀਫਿਕੇਟ (SC) ਦੇ ਨਾਲ "ਨਤੀਜੇ ਦੀ ਅਧਿਸੂਚਨਾ" ਜਾਰੀ ਕਰੇਗਾ। ਵੇਰਵੇ ਲਈ, ਕਿਰਪਾ ਪ੍ਰੀ-ਪ੍ਰਾਈਮਰੀ ਵਿਦਿਆਰਥੀਆਂ ਦੇ ਲਈ ਵਿੱਤੀ ਸਹਾਇਤਾ ਦੇ ਲਈ ਲਾਗੂ ਅਰਜ਼ੀ ਪ੍ਰਕ੍ਰਿਆਵਾਂ ਨੂੰ ਦੇਖੋ।

**(ii) ਪ੍ਰੀ-ਪ੍ਰਾਈਮਰੀ ਵਿਦਿਆਰਥੀਆਂ ਲਈ ਵਿੱਤੀ ਸਹਾਇਤਾ ਵਾਸਤੇ ਅਰਜ਼ੀਆਂ ਲਈ ਲਾਗੂ**

| ਅੰਦਾਜਨ ਸਮਾਂ | ਪ੍ਰਕਿਰਿਆਵਾਂ |
|---|---|
| ਉਹਨਾਂ ਬਿਨੈਕਾਰਾਂ ਲਈ, ਜਿਹਨਾਂ ਨੂੰ **2022/23** ਵਿੱਚ ਸਿਰਫ ਪ੍ਰੀ-ਪ੍ਰਾਈਮਰੀ ਵਿਦਿਆਰਥੀਆਂ ਲਈ ਮਿਲਣ ਵਾਲੀ (ਇਸ ਵਿੱਚ ਉਹ ਵਿਦਿਆਰਥੀ ਸ਼ਾਮਲ ਨਹੀਂ ਹਨ, ਜੋ **2023/24** ਸਕੂਲ ਵਰ੍ਹੇ ਵਿੱਚ P1 ਵਿੱਚ ਪੜ੍ਹਾਈ ਕਰਨਗੇ) ਵਿੱਤੀ ਸਹਾਇਤਾ ਸੰਬੰਧੀ ਭੁਗਤਾਨ ਕੀਤਾ ਗਿਆ ਹੈ | |
| ਜੂਨ 2023 ਵਿੱਚ ਜਾਂ ਇਸਦੇ ਅੰਤ ਵਿੱਚ | ਬਿਨੈਕਾਰਾਂ ਨੂੰ ਇਲੇਕਟ੍ਰਾਨਿਕ ਐਪਲੀਕੇਸ਼ਨ ਫਾਰਮ ਭਰਨ, ਸਾਰੇ ਜਰੂਰੀ ਦਸਤਾਵੇਜ਼ਾਂ ਦੀ ਕਾਪੀਆਂ ਨੂੰ ਅਪਲੋਡ ਕਰਨ ਅਤੇ ਉਹਨਾਂ ਨੂੰ ਇੱਕਠੇ ਔਨਲਾਈਨ ਜਮ੍ਹਾਂ ਕਰਾਓਣ ਦੀ ਲੋੜ ਹੈ, ਜਾਂ ਪੇਪਰ-ਅਧਾਰਿਤ ਪੂਰੇ ਕੀਤੇ ਅਰਜ਼ੀ ਫਾਰਮ ਨੂੰ ਸਪਲੀਮੈਂਟਰੀ ਫਾਰਮ (ਜੇਕਰ ਲਾਗੂ ਹੈ) ਅਤੇ ਸੰਬੰਧਿਤ ਸਹਾਇਕ ਦਸਤਾਵੇਜ਼ਾਂ ਦੀਆਂ ਨਕਲਾਂ (ਕਾਪੀਆਂ) ਦੇ ਨਾਲ, ਮੁਹੱਈਆ ਕੀਤੇ ਪਤਾ ਲਿਖੇ ਲਿਫਾਫੇ ਦੀ ਵਰਤੋਂ ਕਰਦੇ ਹੋਏ, ਡਾਕ ਦੁਆਰਾ SFO ਨੂੰ ਭੇਜਣ ਦੀ ਲੋੜ ਹੈ। |
| ਅਗਸਤ 2023 ਜਾਂ ਇਸਤੋਂ ਬਾਅਦ | ਜੇਕਰ 30 ਜੂਨ 2023 ਨੂੰ ਜਾਂ ਇਸਤੋਂ ਪਹਿਲਾਂ ਅਰਜ਼ੀਆਂ ਜਮ੍ਹਾਂ ਕਰਨ ਵਾਲੇ ਬਿਨੈਕਾਰਾਂ ਨੇ ਸਹਾਇਕ ਦਸਤਾਵੇਜਾਂ ਦੇ ਨਾਲ ਸਾਰੀ ਜਰੂਰੀ ਜਾਣਕਾਰੀ ਮੁਹੱਈਆ ਕੀਤੀ ਹੈ, ਤਾਂ SFO ਅਗਸਤ 2023 ਤੋਂ ਸ਼ੁਰੂ ਕਰਦੇ ਹੋਏ ਪਾਤਰ ਵਿਦਿਆਰਥੀ-ਬਿਨੈਕਾਰਾਂ ਨੂੰ ਵਿਦਿਆਰਥੀ-ਆਧਾਰਿਤ SC ਦੇ ਨਾਲ "ਨਤੀਜੇ ਦੀ ਅਧਿਸੂਚਨਾ" ਜਾਰੀ ਕਰੇਗਾ।<br><br>ਸੰਬੰਧਿਤ SC ਸਿਰਫ ਉਹਨਾਂ ਵਿਦਿਆਰਥੀ-ਬਿਨੈਕਾਰਾਂ ਲਈ ਲਾਗੂ ਹਨ, ਜੋ 2023/24 ਸਕੂਲ ਵਰ੍ਹੇ ਵਿੱਚ ਦੂਜੇ ਸਕੂਲ ਵਿੱਚ ਟ੍ਰਾਂਸਫਰ ਲਈ ਜਾ ਰਹੇ ਹਨ, ਜਿਹਨਾਂ ਦੀ ਕਲਾਸ ਅਤੇ ਸ਼ੈਸ਼ਨ ਪੂਰਵ-ਪ੍ਰਿੰਟਡ ਕੀਤੀਆਂ ਤੋਂ ਵੱਖ ਹਨ ਜਾਂ ਜੋ ਪਹਿਲੀ ਵਾਰ ਪ੍ਰੀ-ਪ੍ਰਾਈਮਰੀ ਵਿਦਿਆਰਥੀਆਂ ਨੂੰ ਮਿਲਣ ਵਾਲੀ ਵਿੱਤੀ ਸਹਾਇਤਾ ਲਈ ਅਰਜ਼ੀ ਦੇ ਰਹੇ ਹਨ। ਅਜਿਹੇ ਮਾਮਲਿਆਂ ਵਿੱਚ, ਬਿਨੈਕਾਰਾਂ ਲਈ 2023/24 ਦੇ ਲਈ 31 ਅਗਸਤ 2023 ਤੱਕ ਜਾਂ ਪ੍ਰਕਿਰਿਆ ਲਈ SC ਜਾਰੀ ਕਰਨ ਦੀ ਤਾਰੀਖ ਤੋਂ ਦੋ ਹਫਤਿਆਂ ਦੇ ਅੰਦਰ (ਜੋ ਵੀ ਬਾਅਦ ਵਿੱਚ ਹੋਵੇ) ਆਪਣੇ ਸਕੂਲ ਕੋਲ SC ਜਮ੍ਹਾਂ ਕਰਨੇ ਲਾਜ਼ਮੀ ਹਨ। |
| ਉਹਨਾਂ ਬਿਨੈਕਾਰਾਂ ਲਈ, ਜਿਹਨਾਂ ਨੂੰ **2022/23** ਵਿੱਚ ਪ੍ਰੀ-ਪ੍ਰਾਈਮਰੀ ਵਿਦਿਆਰਥੀਆਂ ਲਈ ਮਿਲਣ ਵਾਲੀ ਸਹਾਇਤਾ ਸੰਬੰਧੀ ਭੁਗਤਾਨ ਨਹੀਂ ਕੀਤਾ ਗਿਆ ਹੈ | |
| ਜੁਲਾਈ 2023 ਦੇ ਅੰਤ ਵਿੱਚ | SFO ਸਕੂਲਾਂ ਦੁਆਰਾ ਸੰਬੰਧਿਤ ਬਿਨੈਕਾਰਾਂ ਨੂੰ SC ਦੇ ਨਾਲ "ਵਿਦਿਆਰਥੀ ਵਿੱਤੀ ਸਹਾਇਤਾ ਸਕੀਮਾਂ ਲਈ ਪਰਿਵਾਰ ਸੰਬੰਧੀ ਅਰਜ਼ੀ ਫਾਰਮ" ਵੰਡੇਗਾ ਅਤੇ 1 ਅਗਸਤ 2023 ਤੋਂ ਸ਼ੁਰੂ ਕਰਦੇ ਹੋਏ ਅਰਜ਼ੀਆਂ ਪ੍ਰਾਪਤ ਕਰੇਗਾ। ਬਿਨੈਕਾਰਾਂ ਲਈ ਲਾਜ਼ਮੀ ਹੈ ਕਿ ਉਹ ਜਲਦੀ ਤੋਂ ਜਲਦੀ ਪੂਰਾ ਕੀਤਾ ਅਰਜ਼ੀ ਫਾਰਮ SFO ਨੂੰ ਸਿੱਧੇ ਡਾਕ ਦੁਆਰਾ ਵਾਪਸ ਕਰਨ ਅਤੇ ਪ੍ਰਕਿਰਿਆ ਲਈ ਆਪਣੇ ਸਕੂਲ ਦੇ 2023/24 ਵਰ੍ਹੇ ਲਈ SC ਨੂੰ 31 ਅਗਸਤ 2023 ਤੋਂ ਪਹਿਲਾਂ ਸਕੂਲ ਵਿੱਚ ਜਮ੍ਹਾਂ ਕਰਨ। |

**ਨੋਟ**

(i) ਜੇਕਰ ਇਸ ਸਮੇਂ ਵਿਆਪਕ ਸਮਾਜਿਕ ਸੁਰੱਖਿਆ ਸਹਾਇਤਾ (CSSA) ਪ੍ਰਾਪਤ ਕਰਨ ਵਾਲੇ ਪਰਿਵਾਰਾਂ ਦੇ ਬੱਚੇ ਪ੍ਰਾਈਮਰੀ ਅਤੇ ਸੈਕੰਡਰੀ ਸਕੂਲਾਂ ਜਾਂ ਕਿੰਡਰਗਾਰਟਨਾਂ ਅਤੇ ਹੇਠਾਂ ਦਿੱਤੇ ਹੋਰ ਕਲਾਸ ਪੱਧਰਾਂ ਵਿੱਚ ਪੜ੍ਹ ਰਹੇ ਹਨ, ਤਾਂ ਉਹਨਾਂ ਨੂੰ 2023/24 ਸਕੂਲ ਵਰ੍ਹੇ ਲਈ ਸਕੂਲ ਦੀਆਂ ਫੀਸਾਂ, ਪਰੀਖਿਆ ਸੰਬੰਧੀ ਫੀਸਾਂ, ਕਿਤਾਬਾਂ ਅਤੇ ਸਟੇਸ਼ਨਰੀ ਤੇ ਹੋਣ ਵਾਲੇ ਖਰਚਿਆਂ, ਟ੍ਰਾਂਸਪੋਰਟ ਕਿਰਾਇਆਂ, ਘਰ ਵਿੱਚ ਇੰਟਰਨੈੱਟ ਪਹੁੰਚ ਸੰਬੰਧੀ ਖਰਚਿਆਂ ਵਾਸਤੇ ਸਕੂਲ ਨਾਲ ਸੰਬੰਧਿਤ ਸਹਾਇਤਾ ਲਈ ਸਿੱਧੇ SWD ਨੂੰ ਅਰਜ਼ੀ ਦੇਣੀ ਚਾਹੀਦੀ ਹੈ। ਉਹਨਾਂ ਨੂੰ SFO ਕੋਲ ਅਰਜ਼ੀਆਂ ਜਮ੍ਹਾਂ ਕਰਨ ਦੀ ਲੋੜ ਨਹੀਂ ਹੈ।

(ii) ਜੋ ਬਿਨੈਕਾਰਾਂ ਨੇ 2023/24 ਲਈ "ਵਿਦਿਆਰਥੀ ਵਿੱਤੀ ਸਹਾਇਤਾ ਯੋਜਨਾਵਾਂ ਲਈ ਇਲੈਕਟ੍ਰਾਨਿਕ ਘਰੇਲੂ ਐਪਲੀਕੇਸ਼ਨ ਫਾਰਮ" ਜਮ੍ਹਾ ਕਰਵਾਏ ਹਨ, ਤਾਂ ਉਨ੍ਹਾਂ ਨੂੰ ਕਾਗਜ਼ ਅਧਾਰਤ ਬਿਨੈਪੱਤਰ ਵੱਖਰੇ SFO ਕੋਲ ਜਮ੍ਹਾ ਕਰਨ ਦੀ ਲੋੜ ਨਹੀਂ ਹੈ।


Printed by the Government Logistics Department

(iii) ਸਧਾਰਨ ਸਥਿਤੀਆਂ (ਪ੍ਰੀ-ਪ੍ਰਾਈਮਰੀ ਵਿਦਿਆਰਥੀਆਂ ਲਈ ਵਿੱਤੀ ਸਹਾਇਤਾ ਨੂੰ ਛੱਡ ਕੇ,) ਦੇ ਹੇਠ, SFO 1 ਮਾਰਚ 2024 ਨੂੰ ਜਾਂ ਉਸਤੋਂ ਬਾਅਦ ਜਮ੍ਹਾਂ ਕੀਤੇ ਜਾਣ ਵਾਲੇ "ਵਿਦਿਆਰਥੀ ਵਿੱਤੀ ਸਹਾਇਤਾ ਸਕੀਮਾਂ ਲਈ ਪਰਿਵਾਰ ਸੰਬੰਧੀ ਅਰਜ਼ੀ ਫਾਰਮ" ਸਵੀਕਾਰ ਨਹੀਂ ਕਰੇਗਾ। ਵਿਅਕਤੀਗਤ ਵਿੱਤੀ ਸਹਾਇਤਾ ਸਕੀਮਾਂ ਲਈ ਅਰਜ਼ੀ ਦੀਆਂ ਆਖਰੀ ਤਾਰੀਖਾਂ ਹੇਠਾਂ ਦਿੱਤੀ ਸਾਰਨੀ ਵਿੱਚ ਸੂਚੀਬੱਧ ਹਨ –

| ਵਿੱਤੀ ਸਹਾਇਤਾ ਸਕੀਮਾਂ | ਅਰਜ਼ੀ ਦੀ ਆਖਰੀ ਤਾਰੀਖ |
|---|---|
| ਕਿੰਡਰਗਾਰਟਨ ਅਤੇ ਬਾਲ ਦੇਖਭਾਲ ਕੇਂਦਰ ਫੀਸ ਛੋਟ (KCFR) ਸਕੀਮ | ਬਿਨੈਕਾਰਾਂ ਨੂੰ ਆਪਣੇ ਅਰਜ਼ੀ ਫਾਰਮ SFO ਕੋਲ 2023/24 ਦੇ ਸਕੂਲ ਵਰ੍ਹੇ ਵਿੱਚ ਕਲਾਸਾਂ ਦੀ ਹਾਜਰੀ ਪੂਰੀ ਹੋਣ ਤੋਂ ਪਹਿਲਾਂ ਜਾਂ 15 ਅਗਸਤ, 2024 ਤੋਂ ਪਹਿਲਾਂ (ਦੋਨਾਂ ਵਿੱਚੋਂ ਜੋ ਵੀ ਪਹਿਲਾਂ ਹੋਵੇ), ਵਿੱਚ ਜਮ੍ਹਾਂ ਕਰ ਦੇਣੇ ਚਾਹੀਦੇ ਹਨ। ਨਹੀਂ ਤਾਂ, ਫੀਸ ਦੀ ਛੋਟ ਉਹਨਾਂ ਦੇ ਸਾਧਨ ਟੈਸਟ ਪਾਸ ਕਰ ਸਕਣ ਅਤੇ ਪਾਤਰਤਾ ਮਾਪਦੰਡ ਨਾਲ ਮੇਲ ਖਾਣ ਤੇ ਵੀ ਆਮ ਤੌਰ ਤੇ ਜਾਰੀ ਨਹੀਂ ਕੀਤੀ ਜਾਵੇਗੀ। ਫੀਸ ਛੋਟ ਦਾ ਪ੍ਰਭਾਵੀ ਮਹੀਨਾ ਉਹ ਮਹੀਨਾ ਹੋਵੇਗਾ, ਜਿਸ ਵਿੱਚ ਬਿਨੈਕਾਰਾਂ ਵੱਲੋਂ ਅਰਜ਼ੀ ਫਾਰਮ ਜਮ੍ਹਾਂ ਕੀਤੇ ਜਾਂਦੇ ਹਨ, ਜਾਂ ਉਹ ਮਹੀਨਾ, ਜਿਸ ਵਿੱਚ ਵਿਦਿੱਆਰਥੀ-ਬਿਨੈਕਾਰ ਕਿੰਡਰਗਾਰਟਨਾਂ/ਬਾਲ ਦੇਖਭਾਲ ਕੇਂਦਰਾਂ ਵਿੱਚ ਦਾਖਲਾ ਲੈਂਦੇ ਹਨ, ਜੋ ਵੀ ਬਾਅਦ ਵਿੱਚ ਹੋਵੇ। |
| ਕਿੰਡਰਗਾਰਟਨ ਵਿਦਿਆਰਥੀਆਂ (Grant-KG) ਲਈ ਸਕੂਲ ਸੰਬੰਧਿਤ ਖਰਚਿਆਂ ਲਈ ਗ੍ਰਾਂਟ | ਬਿਨੈਕਾਰਾਂ ਨੂੰ ਆਪਣੇ ਅਰਜ਼ੀ ਫਾਰਮ SFO ਕੋਲ 2023/24 ਦੇ ਸਕੂਲ ਵਰ੍ਹੇ ਵਿੱਚ ਕਲਾਸਾਂ ਦੀ ਹਾਜਰੀ ਪੂਰੀ ਹੋਣ ਤੋਂ ਪਹਿਲਾਂ ਜਾਂ 15 ਅਗਸਤ, 2024 ਤੋਂ ਪਹਿਲਾਂ (ਦੋਨਾਂ ਵਿੱਚੋਂ ਜੋ ਵੀ ਪਹਿਲਾਂ ਹੋਵੇ), ਵਿੱਚ ਜਮ੍ਹਾਂ ਕਰ ਦੇਣੇ ਚਾਹੀਦੇ ਹਨ। ਨਹੀਂ ਤਾਂ, ਸਧਾਰਨ ਤੌਰ ਤੇ Grant-KG ਰਿਲੀਜ ਨਹੀਂ ਕੀਤੀ ਜਾਏਗੀ, ਭਾਵੇਂ ਬਿਨੈਕਾਰ ਸਾਧਨ ਟੈਸਟ ਪਾਸ ਕਰ ਸਕਦੇ ਹੋਣ ਅਤੇ ਪਾਤਰਤਾ ਮਾਪਦੰਡ ਨਾਲ ਮਿਲਦੇ ਹੋਣ। |
| ਸਕੂਲ ਪਾਠ-ਪੁਸਤਕ ਸਹਾਇਤਾ (TA) ਸਕੀਮ | ਬਿਨੈਕਾਰਾਂ ਨੂੰ ਆਪਣੇ ਅਰਜ਼ੀ ਫਾਰਮ 31 ਅਕਤੂਬਰ 2023 ਨੂੰ ਜਾਂ ਇਸਤੋਂ ਪਹਿਲਾਂ SFO ਕੋਲ ਜਮ੍ਹਾਂ ਕਰ ਦੇਣੇ ਚਾਹੀਦੇ ਹਨ। ਨਹੀਂ ਤਾਂ, ਸਧਾਰਨ ਤੌਰ ਤੇ ਸਕੂਲ ਪਾਠ-ਪੁਸਤਕ ਸਹਾਇਤਾ ਰਿਲੀਜ ਨਹੀਂ ਕੀਤੀ ਜਾਵੇਗੀ, ਭਾਵੇਂ ਬਿਨੈਕਾਰ ਸਾਧਨ ਟੈਸਟ ਪਾਸ ਕਰ ਸਕਦੇ ਹੋਣ ਅਤੇ ਪਾਤਰਤਾ ਮਾਪਦੰਡ ਨਾਲ ਮਿਲਦੇ ਹੋਣ। |
| ਵਿਦਿਆਰਥੀ ਯਾਤਰਾ ਸਬਸਿਡੀ (STS) ਸਕੀਮ | ਉਹਨਾਂ ਬਿਨੈਕਾਰਾਂ ਲਈ, ਜੋ 1 ਨਵੰਬਰ 2023 ਨੂੰ ਜਾਂ ਇਸਤੋਂ ਬਾਅਦ ਆਪਣੇ ਅਰਜ਼ੀ ਫਾਰਮ ਜਮ੍ਹਾਂ ਕਰਦੇ ਹਨ ਅਤੇ ਸਾਧਨ ਟੈਸਟ ਪਾਸ ਕਰ ਸਕਦੇ ਹਨ ਅਤੇ ਪਾਤਰਤਾ ਮਾਪਦੰਡ ਨਾਲ ਮੇਲ ਖਾਂਦੇ ਹਨ, ਸਫਲ ਵਿਦਿਆਰਥੀ-ਬਿਨੈਕਾਰਾਂ ਨੂੰ ਵਿਦਿਆਰਥੀ ਯਾਤਰਾ ਸਬਸਿਡੀ (ਜੇਕਰ ਲਾਗੂ ਹੈ) ਦਾ ਭੁਗਤਾਨ ਵੱਖ-ਵੱਖ ਮਾਮਲਿਆਂ ਦੇ ਆਧਾਰ ਤੇ, ਅਰਜ਼ੀ ਪ੍ਰਾਪਤ ਹੋਣ ਦੀ ਤਾਰੀਖ ਤੋਂ ਜਾਂ ਸਕੂਲ ਵਿੱਚ ਵਿਦਿਆਰਥੀ-ਬਿਨੈਕਾਰਾਂ ਦੇ ਦਾਖਲੇ ਦੀ ਤਾਰੀਖ ਤੋਂ (ਜਾਂ CSSA ਪ੍ਰਾਪਤ ਹੋਣ ਤੋਂ ਪਹਿਲਾਂ ਦੇ ਵਿਦਿਆਰਥੀਆਂ ਲਈ CSSA ਖਤਮ ਹੋਣ ਦੀ ਤਾਰੀਖ ਤੋਂ) ਪ੍ਰਭਾਵੀ ਹੋ ਸਕਦਾ ਹੈ। |
| ਇੰਟਰਨੈੱਟ ਪਹੁੰਚ ਖਰਚਿਆਂ ਲਈ ਸਬਸਿਡੀ ਸਕੀਮ (SIA) | ਉਹਨਾਂ ਬਿਨੈਕਾਰਾਂ ਲਈ, 1 ਫਰਵਰੀ 2024 (ਅਰਥਾਤ 2023/24 ਸਕੂਲ ਵਰ੍ਹੇ ਦੇ ਅੱਧ ਵਿੱਚ) ਨੂੰ ਜਾਂ ਇਸਤੋਂ ਬਾਅਦ ਆਪਣੇ ਅਰਜ਼ੀ ਫਾਰਮ ਜਮ੍ਹਾਂ ਕਰਦੇ ਹਨ, SIA ਦਾ ਅੰਸ਼ਕ ਭੁਗਤਾਨ ਸਫਲ ਬਿਨੈਕਾਰਾਂ ਨੂੰ ਕੀਤਾ ਜਾ ਸਕਦਾ ਹੈ, ਜੇਕਰ ਬਿਨੈਕਾਰ ਸਾਧਨ ਟੈਸਟ ਪਾਸ ਕਰ ਸਕਣ ਅਤੇ ਪਾਤਰਤਾ ਮਾਪਦੰਡ ਨਾਲ ਮਿਲਦੇ ਹੋਣ। |

(iv) SFO ਬਿਨੈਕਾਰਾਂ ਦੇ ਹਾਂਗਕਾਂਗ ਦੇ ਮੋਬਾਈਲ ਫੋਨ ਨੰਬਰਾਂ ਦੁਆਰਾ SMS ਰਾਹੀਂ ਜਾਂ ਲਿਖਤ ਵਿੱਚ (ਉਹਨਾਂ ਬਿਨੈਕਾਰਾਂ ਲਈ ਲਾਗੂ, ਜੋ ਹਾਂਗਕਾਂਗ ਮੋਬਾਈਲ ਫੋਨ ਨੰਬਰ ਦੇਣ ਵਿੱਚ ਅਸਮਰੱਥ ਹਨ) ਬਿਨੈਕਾਰਾਂ ਦੀਆਂ ਅਰਜ਼ੀਆਂ ਦੀ ਪ੍ਰਾਪਤੀ ਸੂਚਨਾ ਦੇਵੇਗਾ। ਜੇਕਰ ਬਿਨੈਕਾਰਾਂ ਨੂੰ ਉਹਨਾਂ ਦੇ ਅਰਜ਼ੀ ਫਾਰਮ ਜਮ੍ਹਾਂ ਕਰਨ ਤੋਂ ਬਾਅਦ 20 ਦਿਨਾਂ ਦੇ ਅੰਦਰ SFO ਤੋਂ SMS ਦੁਆਰਾ ਜਾਂ ਲਿਖਤ ਵਿੱਚ ਕੋਈ ਸੂਚਨਾ ਪ੍ਰਾਪਤ ਨਹੀਂ ਹੁੰਦੀ, ਤਾਂ ਕਿਰਪਾ ਕਰਕੇ ਗਲਤ/ਅਸਫਲ ਡਿਲਿਵਰੀ ਦੇ ਕਾਰਨ ਅਰਜ਼ੀ ਵਿੱਚ ਦੇਰੀ ਹੋਣ ਤੋਂ ਬਚਣ ਲਈ ਇਹ ਪਤਾ ਕਰਨ ਲਈ ਕਿ SFO ਦੀ ਪੁੱਛਗਿੱਛ ਹਾਟਲਾਈਨ (2802 2345) ਤੇ ਕਾਲ ਕਰੋ ਕਿ SFO ਨੂੰ ਉਹਨਾਂ ਦੀ ਅਰਜ਼ੀ ਪ੍ਰਾਪਤ ਹੋਈ ਹੈ ਜਾਂ ਨਹੀਂ।

(v) ਜੇ ਮੁਲਾਂਕਣ ਅਵਧੀ (1 ਅਪ੍ਰੈਲ 2022 ਤੋਂ 31 ਮਾਰਚ 2023 ਤੱਕ) ਦੇ ਬਾਅਦ ਬਿਨੈਕਾਰ ਦੇ ਪਰਿਵਾਰਕ ਵੇਰਵਿਆਂ (ਜਿਵੇਂ ਕਿ ਪਰਿਵਾਰਕ ਰਚਨਾ, ਵਿੱਤੀ ਸਥਿਤੀ, ਆਦਿ) ਵਿੱਚ ਮਹੱਤਵਪੂਰਨ ਤਬਦੀਲੀਆਂ ਹੁੰਦੀਆਂ ਹਨ, ਤਾਂ ਬਿਨੈਕਾਰ ਸਹਾਇਕ ਦਸਤਾਵੇਜ਼ਾਂ ਦੇ ਨਾਲ ਮਿਲ ਕੇ ਸਾਨੂੰ ਲਿਖਤੀ ਰੂਪ ਵਿੱਚ ਸੂਚਿਤ ਕਰ ਸਕਦਾ ਹੈ. SFO ਹਰੇਕ ਕੇਸ ਦੀ ਆਪਣੀ ਵਿਅਕਤੀਗਤ ਯੋਗਤਾ 'ਤੇ ਵਿਚਾਰ ਕਰੇਗਾ.

## ਸਹਾਇਤਾ ਦਾ ਜ਼ਰੀਆ ਅਤੇ ਪੱਧਰ

(i) SFO ਵਿਦਿਆਰਥੀ ਵਿੱਤੀ ਸਹਾਇਤਾ ਦੀ ਪਾਤਰਤਾ ਅਤੇ ਇਸਦੇ ਸਹਾਇਤਾ ਪੱਧਰ ਦਾ ਮੁਲਾਂਕਣ ਕਰਨ ਲਈ ਸਾਧਨ ਟੈਸਟ ਦੇ ਤੌਰ ਤੇ "ਐਡਜਸਟਡ ਫੈਮਿਲੀ ਇਨਕਮ" (AFI) ਵਿਧੀ ਵਰਤੇਗਾ। ਫਾਰਮੂਲਾ ਇਸ ਪ੍ਰਕਾਰ ਹੈ:

$$\text{AFI} = \frac{\text{ਪਰਿਵਾਰ ਦੀ ਸਮੁੱਚੀ ਸਾਲਾਨਾ ਆਮਦਨ}}{\text{ਪਰਿਵਾਰ ਦੇ ਮੈਂਬਰਾਂ ਦੀ ਸੰਖਿਆ} + (1)}$$

(ii) ਪਰਿਵਾਰ ਦੀ ਸਮੁੱਚੀ ਸਾਲਾਨਾ ਆਮਦਨ ਵਿੱਚ ਬਿਨੈਕਾਰ ਅਤੇ ਉਸਦੇ ਪਤੀ/ਪਤਨੀ ਦੀ ਸਲਾਨਾ ਆਮਦਨ; ਪਰਿਵਾਰ ਨਾਲ ਰਹਿਣ ਵਾਲੇ ਕੁਆਰੇ ਬੱਚੇ/ਬੱਚਿਆਂ ਦੀ 30% ਸਲਾਨਾ ਆਮਦਨ, ਜੇਕਰ ਲਾਗੂ ਹੈ; ਅਤੇ ਰਿਸ਼ਤੇਦਾਰਾਂ/ਦੋਸਤਾਂ ਤੋਂ ਸਹਿਯੋਗ, ਜੇਕਰ ਲਾਗੂ ਹੈ, ਸ਼ਾਮਲ ਹੈ।

(iii) ਪਰਿਵਾਰ ਦੇ ਮੈਂਬਰ ਆਮ ਤੌਰ ਤੇ ਬਿਨੈਕਾਰ, ਉਸਦੇ ਪਤੀ/ਪਤਨੀ, ਪਰਿਵਾਰ ਨਾਲ ਰਹਿਣ ਵਾਲੇ ਕੁਆਰੇ ਬੱਚੇ/ਬੱਚਿਆਂ ਅਤੇ ਆਸ਼ਰਿਤ ਮਾਪੇ (ਮਾਪਿਆਂ),ਜਿਹਨਾਂ ਨੂੰ ਬਿਨੈਕਾਰ ਅਤੇ/ਜਾਂ ਉਸਦੇ ਪਤੀ/ਪਤਨੀ ਵੱਲੋਂ ਸਹਿਯੋਗ ਦਿੱਤਾ ਜਾਂਦਾ ਹੈ, ਨੂੰ ਕਿਹਾ ਜਾਂਦਾ ਹੈ।

(iv) 2ਤੋਂ 3 ਮੈਂਬਰਾਂ ਵਾਲੇਸਿੰਗਲ-ਮਾਪੇ ਪਰਿਵਾਰਾਂ ਲਈ, AFI ਫਾਰਮੂਲੇ ਦੇ ਭਾਜ ਅੰਕ (ਡਿਵਾਈਜ਼ਰ) ਵਿੱਚ "ਪਲੱਸ 1 ਫੈਕਟਰ" 2ਤੱਕ ਵਧ ਜਾਏਗਾ।

(v) 2023/24 ਸਕੂਲ ਵਰ੍ਹੇ ਵਿੱਚ ਸਹਾਇਤਾ ਦੇ ਭਿੰਨ ਪੱਧਰਾਂ ਲਈ AFI ਪਾਤਰਤਾ ਮਾਪਦੰਡ ਹੇਠਾਂ ਦਿੱਤੀ ਸਾਰਨੀ ਵਿੱਚ ਸੂਚੀਬੱਧ ਹੈ। <u>ਕਿਰਪਾ ਕਰਕੇ ਧਿਆਨ ਦਿਓ ਕਿ AFI ਪਰਿਵਾਰ ਦੀ ਔਸਤ ਮਾਸਿਕ ਆਮਦਨ ਨਹੀਂ ਹੈ।</u>

| 2023/24 ਸਕੂਲ ਵਰ੍ਹਾ - AFI ਗਰੁੱਪ (HK$) | ਸਹਾਇਤਾ ਦਾ ਪੱਧਰ |
|---|---|
| 0 – 43,495 | ਪੂਰੀ (100%) * |
| 43,496 – 84,105 # | ਅੱਧੀ (50%) |
| > 84,105 | ਅਯੋਗ (ਅਰਜ਼ੀਆਂ ਸਫਲ ਨਹੀਂ ਹੋਈਆਂ) |

* 3-ਮੈਂਬਰ ਅਤੇ 4-ਮੈਂਬਰ ਵਾਲੇ ਪਰਿਵਾਰਾਂ ਲਈ ਸਹਾਇਤਾ ਦੇ ਪੂਰੇ ਪੱਧਰ ਵਾਸਤੇ 2023/24 ਸਕੂਲ ਵਰ੍ਹੇ ਵਿੱਚ AFI ਦੀਆਂ ਅਰੰਭਿਕ ਰਕਮਾਂ ਕ੍ਰਮਵਾਰ $52,657 ਅਤੇ $48,445 ਹਨ। 2-ਮੈਂਬਰ ਵਾਲੇਸਿੰਗਲ-ਮਾਪੇ ਪਰਿਵਾਰਾਂ ਅਤੇ 3-ਮੈਂਬਰ ਦੇ ਸਿੰਗਲ-ਮਾਪੇ ਪਰਿਵਾਰਾਂ ਲਈ, ਉਹਨਾਂ ਨੂੰ ਸਹਾਇਤਾ ਦੇ ਪੂਰੇ ਪੱਧਰ ਲਈ AFI ਦੀਆਂ ਅਰੰਭਿਕ ਰਕਮਾਂ ਨਿਰਧਾਰਤ ਕਰਨ ਅਤੇ AFI ਦੀ ਗਣਨਾ ਲਈ ਕ੍ਰਮਵਾਰ 3-ਮੈਂਬਰ ਵਾਲੇ ਪਰਿਵਾਰਾਂ ਅਤੇ 4-ਮੈਂਬਰ ਵਾਲੇ ਪਰਿਵਾਰਾਂ ਦੇ ਤੌਰ ਤੇ ਮੰਨਿਆ ਜਾਂਦਾ ਹੈ।

\# ਪ੍ਰੀ-ਪ੍ਰਾਈਮਰੀ ਵਿਦਿਆਰਥੀਆਂ ਵਾਸਤੇ ਵਿੱਤੀ ਸਹਾਇਤਾ ਲਈ, ਸਹਾਇਤਾ ਦਾ ਪੱਧਰ 3/4 (75%) ਹੈ, ਜੇਕਰ ਪਰਿਵਾਰਾਂ ਦੀ AFI $43,496 ਅਤੇ $53,280 ਦੇ ਵਿਚਕਾਰ ਹੈ; ਅਤੇ ਸਹਾਇਤਾ ਦਾ ਪੱਧਰ ਅੱਧੀ (50%) ਹੈ, ਜੇਕਰ AFI $53,281 ਅਤੇ $84,105 ਦੇ ਵਿਚਕਾਰ ਹੈ।

## ਸਬਸਿਡੀ ਜਾਰੀ ਕਰਨਾ

- ਪ੍ਰਾਈਮਰੀ ਅਤੇ ਸੈਕੰਡਰੀ ਵਿਦਿਆਰਥੀਆਂ ਵਾਸਤੇ ਵਿੱਤੀ ਸਹਾਇਤਾ ਲਈ, SFO ਪਾਤਰ ਬਿਨੈਕਾਰਾਂ ਲਈ ਸਵੈ-ਭੁਗਤਾਨ ਔੱਟੋਪੇ ਦੁਆਰਾ ਵਿੱਤੀ ਸਹਾਇਤਾ ਦੀ ਅਦਾਇਗੀ ਕਰੇਗਾ। (ਨੋਟ: TA ਅਤੇ SIA ਦੀ ਅਰਜ਼ੀ ਰਕਮ ਪਾਤਰ ਬਿਨੈਕਾਰਾਂ ਨੰ ਆਮ ਤੌਰ ਤੇ ਜੁਲਾਈ/ਅਗਸਤ ਦੇ ਅੰਤ ਦੇ ਆਸਪਾਸ ਤੋਂ ਸ਼ੁਰੂ ਕਰਦੇ ਹੋਏ ਅਦਾਇਗੀ ਕੀਤੀ ਜਾਂਦੀ ਹੈ, ਜਦਕਿ STS ਆਮ ਤੌਰ ਤੇ ਅਕਤੂਬਰ ਦੇ ਅੰਤ ਦੇ ਆਸਪਾਸ/ਨਵੰਬਰ ਦੀ ਸ਼ੁਰੂਆਤ ਦੇ ਬਾਅਦ ਤੋਂ ਰਿਲੀਜ਼ ਕੀਤੀ ਜਾਂਦੀ ਹੈ। ਨਵੇਂ ਬਿਨੈਕਾਰਾਂ ਨੂੰ ਆਮ ਤੌਰ ਤੇ ਅਕਤੂਬਰ ਦੇ ਅੰਤ/ਨਵੰਬਰ ਦੀ ਸ਼ੁਰੂਆਤ ਵਿੱਚ ਜਾਂ ਇਸਤੋਂ ਬਾਅਦ ਸਬਸਿਡੀ ਸੰਬੰਧੀ ਭੁਗਤਾਨ ਕੀਤਾ ਜਾਏਗਾ।)
- ਪ੍ਰੀ-ਪ੍ਰਾਈਮਰੀ ਵਿਦਿਆਰਥੀਆਂ ਵਾਸਤੇ ਵਿੱਤੀ ਸਹਾਇਤਾ ਲਈ, SFO ਮਨਜ਼ੂਰ ਕੀਤੀ ਰਕਮ ਦਾ ਭੁਗਤਾਨ ਫੀਸ ਛੋਟ ਦੀ ਰਕਮ ਵਾਲੇ ਨਤੀਜੇ ਦੀ ਅਧਿਸੂਚਨਾ ਜਾਰੀ ਹੋਣ ਤੋਂ ਬਾਅਦ ਲਗਭਗ 10 ਕਾਰਜਦਿਨਾਂ ਵਿੱਚ ਟ੍ਰੈਜਰੀ ਵੱਲੋਂ ਸਿੱਧੇ ਕਿੰਡਰਗਾਰਟਨਾਂ/ਬਾਲ ਦੇਖਭਾਲ ਕੇਂਦਰਾਂ ਨੂੰ ਸੂਚਿਤ ਕੀਤਾ ਜਾਵੇਗਾ। ਬਿਨੈਕਾਰਾਂ ਨੂੰ ਭੁਗਤਾਨ ਦਾ ਪ੍ਰਬੰਧ ਕਿੰਡਰਗਾਰਟਨਾਂ / ਬਾਲ ਦੇਖਭਾਲ ਕੇਂਦਰਾਂ ਦੁਆਰਾ ਕੀਤਾ ਜਾਵੇਗਾ | ਕਿੰਡਰਗਾਰਟਨ ਦੇ ਵਿਦਿਆਰਥੀਆਂ ਲਈ ਸਕੂਲ-ਸਬੰਧਤ ਖਰਚਿਆਂ ਲਈ ਗ੍ਰਾਂਟ ਯੋਗ ਬਿਨੈਕਾਰਾਂ ਨੂੰ ਔਟੋਪੇ ਦੁਆਰਾ ਵੰਡੀ ਜਾਵੇਗੀ। (ਨੋਟ: SFO ਸਤੰਬਰ 2023 ਦੇ ਅੰਤ ਤੋਂ ਸ਼ੁਰੂ ਕਰਦੇ ਹੋਏ ਸੰਬੰਧਿਤ ਸਕੂਲਾਂ ਦੁਆਰਾ ਸਫਲ ਬਿਨੈਕਾਰਾਂ ਨੂੰ ਫੀਸ ਛੋਟ ਦੀ ਰਕਮ ਦਾ ਭੁਗਤਾਨ ਕਰੇਗਾ ਅਤੇ ਬੈਚਾਂ ਦੇ ਮੁਤਾਬਕ ਪਾਤਰ ਬਿਨੈਕਾਰਾਂ ਦੇ ਬੈਂਕ ਖਾਤੇ ਵਿੱਚ ਸਵੈ-ਭੁਗਤਾਨ ਔੱਟੋਪੇ ਦੁਆਰਾ ਕਿੰਡਰਗਾਰਟਨ ਵਿਦਿਆਰਥੀਆਂ ਲਈ ਸਕੂਲ ਸੰਬੰਧਿਤ ਖਰਚਿਆਂ ਲਈ ਗ੍ਰਾਂਟ ਦਾ ਭੁਗਤਾਨ ਕਰੇਗਾ।)

## ਪੁੱਛਗਿੱਛ

- ਵਿੱਤੀ ਸਹਾਇਤਾ ਸਕੀਮਾਂ ਅਤੇ ਅਰਜ਼ੀ ਪ੍ਰਕਿਰਿਆਵਾਂ ਬਾਰੇ ਪੁੱਛਗਿੱਛ ਲਈ, ਕਿਰਪਾ ਕਰਕੇ ਸਾਡੀ 24-ਘੰਟੇ ਦੀ ਪੁੱਛਗਿੱਛ ਹਾਟਲਾਈਨ ਨੂੰ 2802 2345 ਤੇ ਫੋਨ ਕਰੋ। ਜੇ ਬਿਨੈਕਾਰ ਚੀਨੀ ਅਤੇ ਅੰਗ੍ਰੇਜ਼ੀ ਤੋਂ ਇਲਾਵਾ8 ਭਾਸ਼ਾਵਾਂ ਦੀ ਵਰਤੋਂ ਕਰਕੇ ਅਰਜ਼ੀ ਦੇ ਮਾਮਲਿਆਂ ਬਾਰੇ ਪੁੱਛਗਿੱਛ ਕਰਨਾ ਚਾਹੁੰਦੇ ਹਨ (ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਟੈਗਾਲੋਗ, ਥਾਈ, ਉਰਦੂ ਅਤੇ ਵੀਅਤਨਾਮੀ) ਵਰਤ ਕੇ ਅਰਜ਼ੀ ਸੰਬੰਧੀ ਮੁੱਦਿਆਂ ਬਾਰੇ ਪੁੱਛਗਿੱਛ ਕਰਨਾ ਚਾਹੁੰਦੇ ਹਨ, ਤਾਂ ਕਿਰਪਾ ਕਰਕੇ ਟੈਲੀਫੋਨ ਲਾਈਨ ਕਨੈਕਟ ਹੋਣ ਤੋਂ ਬਾਅਦ '4' ਦਬਾ ਕੇ "ਹੋਰ ਭਾਸ਼ਾਵਾਂ" ਦਾ ਵਿਕਲਪ ਚੁਣੋ। ਵਿਕਲਪਿਕ ਤੌਰ ਤੇ, ਬਿਨੈਕਾਰ ਵਧੇਰੇ ਜਾਣਕਾਰੀ ਲਈ ਕਾਰਜਕਾਰੀ ਪਰਿਵਾਰ ਅਤੇ ਵਿਦਿਆਰਥੀ ਵਿੱਤੀ ਸਹਾਇਤਾ ਏਜੰਸੀ ਦੀ ਵੈਬਸਾਈਟ (www.wfsfaa.gov.hk) ਤੇ ਜਾ ਸਕਦੇ ਹਨ।
- ਜੇਕਰ ਅੰਗ੍ਰੇਜ਼ੀ ਅਤੇ 8 ਹੋਰ ਭਾਸ਼ਾਵਾਂ ਵਿੱਚ ਅਨੁਵਾਦ ਅਤੇ ਦੁਭਾਸ਼ੀਆ ਸੇਵਾਵਾਂ ਦੀ ਲੋੜ ਹੈ, ਤਾਂ ਘੱਟ ਗਿਣਤੀ ਲੋਕਾਂ ਲਈ ਕੇਂਦਰ (CHEER) ਨੂੰ ਫੋਨ ਦੁਆਰਾ ਸੰਪਰਕ ਕਰ ਸਕਦੇ ਹਨ। CHEER ਦੇ ਹਾਟਲਾਈਨ ਨੰਬਰ ਹੇਠਾਂ ਸੂਚੀਬੱਧ ਹਨ –
  **ਬਹਾਸਾ ਇੰਡੋਨੇਸ਼ੀਆ** (3755 6811); **ਹਿੰਦੀ** (3755 6877); **ਨੇਪਾਲੀ** (3755 6822); **ਪੰਜਾਬੀ** (3755 6844); **ਟੈਗਾਲੋਗ** (3755 6855); **ਥਾਈ** (3755 6866); **ਉਰਦੂ** (3755 6833) **ਅਤੇ ਵੀਅਤਨਾਮੀ** (3755 6888) ।
  ਬਿਨੈਕਾਰ ਇਸਦੀਆਂ ਸੇਵਾਵਾਂ ਦੇ ਵੇਰਵਿਆਂ ਈ CHEER ਦੇ ਹੋਮਪੇਜ (http://www.hkcscheer.net) ਤੇ ਵੀ ਜਾ ਸਕਦੇ ਹਨ ।